# ਕੋਈ ਪਾਰਟੀ ਤਰਜੀਹ ਨਹੀਂ ਵਾਲੇ ਵੋਟਰ ਅਤੇ ਕ੍ਰਾਸ-ਓਵਰ ਬੈਲਟ ਨੋਟਿਸ ਅਤੇ ਐਪਲੀਕੇਸ਼ਨ

5 ਮਾਰਚ, 2024, ਰਾਸ਼ਟਰਪਤੀ ਪੱਦ ਲਈ ਪ੍ਰਾਇਮਰੀ ਚੋਣਾਂ

**FOR OFFICIAL USE ONLY**

**ਨੋਟਿਸ:** ਕੋਈ ਵੀ ਵੋਟਰ ਜਿਸ ਨੇ ਆਪਣੀ ਵੋਟਰ ਰਜਿਸਟ੍ਰੇਸ਼ਨ 'ਤੇ ਕਿਸੇ ਰਾਜਨੀਤਿਕ ਪਾਰਟੀ ਦੀ ਤਰਜੀਹ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਉਹ ਕਿਸੇ ਰਾਜਨੀਤਿਕ ਪਾਰਟੀ ਲਈ ਇੱਕ ਵਾਰੀ ਬੈਲਟ ਲਈ ਬੇਨਤੀ ਕਰ ਸਕਦਾ ਹੈ ਜੋ ਰਾਸ਼ਟਰਪਤੀ ਪੱਦ ਲਈ ਪ੍ਰਾਇਮਰੀ ਚੋਣਾਂ ਵਿੱਚ ਕ੍ਰਾਸ-ਓਵਰ ਵੋਟਿੰਗ ਦੀ ਇਜਾਜ਼ਤ ਦੇ ਰਹੀ ਹੈ।

1. **ਇਹ ਕ੍ਰਾਸ-ਓਵਰ ਬੈਲਟ ਪ੍ਰਾਪਤ ਕਰਨ ਲਈ ਇੱਕ ਐਪਲੀਕੇਸ਼ਨ ਹੈ:**
ਮੈਂ ਯੋਗਤਾ ਪ੍ਰਾਪਤ ਰਾਜਨੀਤਿਕ ਪਾਰਟੀ ਲਈ ਤਰਜੀਹ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਹੇਠਾਂ ਸੂਚੀਬੱਧ ਰਾਜਨੀਤਿਕ ਪਾਰਟੀਆਂ ਇਸ ਚੋਣ ਵਿੱਚ ਕ੍ਰਾਸ-ਓਵਰ ਵੋਟਿੰਗ ਕਰਨ ਦੀ ਇਜਾਜ਼ਤ ਦੇ ਰਹੀਆਂ ਹਨ। 5 ਮਾਰਚ, 2024 ਲਈ, ਸਿਰਫ਼ ਰਾਸ਼ਟਰਪਤੀ ਪੱਦ ਲਈ ਪ੍ਰਾਇਮਰੀ ਚੋਣਾਂ ਲਈ, ਮੈਂ ਹੇਠਾਂ ਦਿੱਤੀ ਰਾਜਨੀਤਿਕ ਪਾਰਟੀ ਲਈ ਬੈਲਟ ਦੀ ਬੇਨਤੀ ਕਰਦਾ/ਕਰਦੀ ਹਾਂ (ਸਿਰਫ਼ ਇੱਕ ਦੀ ਚੋਣ ਕਰੋ):

☐ ਅਮਰੀਕਨ ਇੰਡੀਪੈਂਡੇਂਟ ਪਾਰਟੀ ☐ ਡੈਮੋਕ੍ਰੇਟਿਕ ਪਾਰਟੀ ☐ ਲਿਬਰਟੇਰੀਅਨ ਪਾਰਟੀ

2. **ਨਾਮ ਲਿਖੋ:** ________________________________
ਪਹਿਲਾ ਮੱਧ ਨਾਮ ਜਾਂ ਛੋਟੇ ਅੱਖਰ ਆਖਰੀ ਨਾਮ

3. **ਜਨਮ ਦੀ ਤਾਰੀਖ਼:** ____________
ਮਹੀਨਾ/ਦਿਨ/ਸਾਲ

4. **ਰਿਹਾਇਸ਼ੀ ਪਤਾ:** ________________________________
ਨੰਬਰ ਅਤੇ ਸੜਕ (ਪੀ.ਓ. ਬੌਕਸ, ਗ੍ਰਾਮੀਣ ਰੂਟ, ਵਗੈਰਾ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ) (ਜੇਕਰ ਵਰਤਿਆ ਜਾਂਦਾ ਹੈ ਤਾਂ N, S, E, W ਨਾਮਿਤ ਕਰੋ)

________________________________
ਸ਼ਹਿਰ ਜ਼ਿਪ ਕੋਡ ਕੈਲੀਫੋਰਨੀਆ ਕਾਉਂਟੀ

5. **ਬੈਲਟ ਲਈ ਡਾਕ ਦਾ ਪਤਾ (ਜੇ ਉੱਤੇ ਦਿੱਤੇ ਤੋਂ ਵੱਖਰਾ ਹੈ):**
ਜੇਕਰ ਤੁਹਾਡਾ ਡਾਕ ਪਤਾ ਅਮਰੀਕਾ ਤੋਂ ਬਾਹਰ ਦਾ ਹੈ, ਅਤੇ ਤੁਸੀਂ ਇੱਕ ਫੌਜੀ ਜਾਂ ਵਿਦੇਸ਼ ਵਿੱਚ ਰਹਿ ਰਹੇ ਵੋਟਰ ਹੋ, ਤਾਂ RegisterToVote.ca.gov 'ਤੇ ਰਜਿਸਟਰ ਕਰੋ ਜਾਂ www.fvap.gov 'ਤੇ ਸੰਘੀ ਪੋਸਟ ਕਾਰਡ ਐਪਲੀਕੇਸ਼ਨ ਦੀ ਵਰਤੋਂ ਕਰੋ।

________________________________
ਨੰਬਰ ਅਤੇ ਸੜਕ (ਪੀ.ਓ. ਬੌਕਸ (ਜੇਕਰ ਵਰਤਿਆ ਜਾਂਦਾ ਹੈ ਤਾਂ N, S, E, W ਨਾਮਿਤ ਕਰੋ)

________________________________
ਸ਼ਹਿਰ ਸਟੇਟ ਜਾਂ ਵਿਦੇਸ਼ੀ ਦੇਸ਼ ਜ਼ਿਪ ਕੋਡ ਜਾਂ ਡਾਕ ਕੋਡ

6. **ਇਸ ਐਪਲੀਕੇਸ਼ਨ 'ਤੇ ਦਸਤਖ਼ਤ ਕੀਤੇ ਜਾਣੇ ਲਾਜ਼ਮੀ ਹਨ।**

**ਦਸਤਖ਼ਤ** ________________________ **ਤਾਰੀਖ਼** ____________

## ਇਸ ਐਪਲੀਕੇਸ਼ਨ ਦੀ ਵਰਤੋਂ ਕੌਣ ਕਰ ਸਕਦਾ ਹੈ

ਜੇਕਰ ਤੁਸੀਂ ਕਿਸੇ ਰਾਜਨੀਤਿਕ ਪਾਰਟੀ ਨਾਲ ਵੋਟ ਪਾਉਣ ਲਈ ਰਜਿਸਟਰ ਨਹੀਂ ਕੀਤਾ ਹੈ ਅਤੇ ਤੁਸੀਂ ਰਾਸ਼ਟਰਪਤੀ ਪੱਦ ਲਈ ਪ੍ਰਾਇਮਰੀ ਚੋਣਾਂ ਵਿੱਚ ਕ੍ਰਾਸ-ਓਵਰ ਵੋਟਿੰਗ ਕਰਨ ਦੀ ਇਜਾਜ਼ਤ ਦੇਣ ਵਾਲੀ ਕਿਸੇ ਰਾਜਨੀਤਿਕ ਪਾਰਟੀ ਦੇ ਰਾਸ਼ਟਰਪਤੀ ਪੱਦ ਦੇ ਉਮੀਦਵਾਰ ਨੂੰ ਵੋਟ ਪਾਉਣਾ ਚਾਹੁੰਦੇ ਹੋ, ਤਾਂ ਤੁਸੀਂ ਕਿਸੇ ਰਾਜਨੀਤਿਕ ਪਾਰਟੀ ਦੇ ਬੈਲਟ ਦੀ ਬੇਨਤੀ ਕਰਨ ਲਈ ਇਸ ਐਪਲੀਕੇਸ਼ਨ ਦੀ ਵਰਤੋਂ ਕਰ ਸਕਦੇ ਹੋ।

ਇਸ ਐਪਲੀਕੇਸ਼ਨ ਨੂੰ ਕਿਵੇਂ ਭਰਨਾ ਹੈ

**ਆਈਟਮ 1**. ਪੁਸ਼ਟੀ ਕਰੋ ਕਿ ਤੁਸੀਂ ਵੋਟ ਪਾਉਣ ਲਈ ਰਜਿਸਟਰ ਕੀਤਾ ਹੈ ਅਤੇ ਕਿਸੇ ਰਾਜਨੀਤਿਕ ਪਾਰਟੀ ਤਰਜੀਹ ਦਾ ਖੁਲਾਸਾ ਨਹੀਂ ਕੀਤਾ ਹੈ, ਅਤੇ ਉਸ ਯੋਗ ਰਾਜਨੀਤਿਕ ਪਾਰਟੀ ਦੀ ਚੋਣ ਕਰੋ ਜਿਸਦਾ ਬੈਲਟ ਤੁਸੀਂ ਰਾਸ਼ਟਰਪਤੀ ਪੱਦ ਲਈ ਪ੍ਰਾਇਮਰੀ ਚੋਣਾਂ ਲਈ ਪ੍ਰਾਪਤ ਕਰਨਾ ਚਾਹੁੰਦੇ ਹੋ।

**ਆਈਟਮ 2.** ਤੁਹਾਡੇ ਵੋਟਰ ਰਜਿਸਟ੍ਰੇਸ਼ਨ ਰਿਕਾਰਡ ਵਿੱਚ ਤੁਹਾਡੇ ਪਹਿਲੇ, ਵਿਚਕਾਰਲੇ ਅਤੇ ਆਖ਼ਰੀ ਨਾਮ ਨੂੰ ਲਿਖੋ।

**ਆਈਟਮ 3**. ਇਸ ਕ੍ਰਮ ਵਿੱਚ ਆਪਣੀ ਜਨਮ ਦੀ ਤਾਰੀਖ਼ ਲਿੱਖੋ - ਮਹੀਨਾ, ਦਿਨ, ਸਾਲ।

**ਆਈਟਮ 4**. ਆਪਣੀ ਵੋਟਿੰਗ ਰਿਹਾਇਸ਼ ਦਾ ਪੂਰਾ ਸੜਕ ਪਤਾ ਲਿੱਖੋ। ਇੱਕ ਪੋਸਟ ਆਫਿਸ ਬੌਕਸ ਜਾਂ ਗ੍ਰਾਮੀਣ ਰੂਟ ਸਵੀਕਾਰ ਨਹੀਂ ਕੀਤਾ ਜਾਵੇਗਾ।

**ਆਈਟਮ 5.** ਡਾਕ ਪਤੇ ਦੀ ਜਾਣਕਾਰੀ ਵੋਟਰ ਦੁਆਰਾ ਪੂਰੀ ਕੀਤੀ ਜਾਣੀ ਲਾਜ਼ਮੀ ਹੈ। ਉਹ ਪੂਰਾ ਪਤਾ ਲਿੱਖੋ ਜਿੱਥੇ ਤੁਸੀਂ ਆਪਣਾ ਬੈਲਟ ਭੇਜਣਾ ਚਾਹੁੰਦੇ ਹੋ ਜੇਕਰ ਇਹ ਆਈਟਮ 4 ਵਿੱਚ ਦਿੱਤੇ ਰਿਹਾਇਸ਼ੀ ਪਤੇ ਤੋਂ ਵੱਖਰਾ ਹੈ।

**ਆਈਟਮ 6.** ਦਸਤਖ਼ਤ ਕਰੋ ਅਤੇ ਇਸ ਕ੍ਰਮ ਵਿੱਚ ਤਾਰੀਖ਼ ਪਾਓ - ਮਹੀਨਾ, ਦਿਨ, ਸਾਲ। ਕਿਸੇ ਗਵਾਹ ਜਾਂ ਨੋਟਰੀ ਦੀ ਲੋੜ ਨਹੀਂ ਹੈ।

## ਐਪਲੀਕੇਸ਼ਨ ਕਿਵੇਂ ਸਬਮਿਟ ਕਰਨੀ ਹੈ

ਤੁਹਾਡੀ ਕੋਈ ਪਾਰਟੀ ਤਰਜੀਹ ਨਹੀਂ ਲਈ ਕ੍ਰਾਸ-ਓਵਰ ਬੈਲਟ ਦਾ ਨੋਟਿਸ ਅਤੇ ਐਪਲੀਕੇਸ਼ਨ ਤੁਹਾਡੇ ਕਾਉਂਟੀ ਦੇ ਚੋਣ ਅਧਿਕਾਰੀ ਨੂੰ ਵਿਅਕਤੀਗਤ ਤੌਰ 'ਤੇ, ਡਾਕ ਰਾਹੀਂ, ਈਮੇਲ ਰਾਹੀਂ, ਫੈਕਸ ਰਾਹੀਂ, ਜਾਂ ਕਾਉਂਟੀ ਚੋਣ ਅਧਿਕਾਰੀ ਦੁਆਰਾ ਉਪਲਬਧ ਕਰਵਾਏ ਗਏ ਹੋਰ ਇਲੈਕਟ੍ਰਾਨਿਕ ਤਰੀਕਿਆਂ ਨਾਲ ਵਾਪਸ ਕੀਤੀ ਜਾਣੀ ਲਾਜ਼ਮੀ ਹੈ।

ਜੇਕਰ ਇਹ ਐਪਲੀਕੇਸ਼ਨ ਡਾਕ ਰਾਹੀਂ ਵਾਪਸ ਕੀਤੀ ਜਾਂਦੀ ਹੈ, ਤਾਂ ਇਹ ਸਿੱਧੇ ਤੁਹਾਡੇ ਕਾਉਂਟੀ ਦੇ ਚੋਣ ਅਧਿਕਾਰੀ ਨੂੰ ਵਾਪਸ ਕੀਤੀ ਜਾਣੀ ਲਾਜ਼ਮੀ ਹੈ।

ਕਿਰਪਾ ਕਰਕੇ ਰਾਜ ਦੇ ਸਕੱਤਰ (ਸੈਕ੍ਰੇਟਰੀ ਔਫ਼ ਸਟੇਟ) ਦੇ ਦਫ਼ਤਰ ਨੂੰ ਐਪਲੀਕੇਸ਼ਨ ਨਾ ਭੇਜੋ। ਅਜਿਹਾ ਕਰਨ ਨਾਲ ਐਪਲੀਕੇਸ਼ਨ ਦੀ ਪ੍ਰਕਿਰਿਆ ਵਿੱਚ ਦੇਰੀ ਹੋਵੇਗੀ।

## ਸੰਪਰਕ ਜਾਣਕਾਰੀ

ਰਾਸ਼ਟਰਪਤੀ ਪੱਦ ਲਈ ਪ੍ਰਾਇਮਰੀ ਚੋਣਾਂ ਲਈ ਕਿਹੜੀਆਂ ਰਾਜਨੀਤਿਕ ਪਾਰਟੀਆਂ ਨੇ ਕ੍ਰਾਸ-ਓਵਰ ਵੋਟਿੰਗ ਨੂੰ ਅਪਣਾਇਆ ਹੈ, ਇਸ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ (800) 345-VOTE (8683) 'ਤੇ ਰਾਜ ਦੇ ਸਕੱਤਰ ਦੇ ਦਫ਼ਤਰ ਨਾਲ ਸੰਪਰਕ ਕਰੋ।

ਤੁਸੀਂ ਰਾਜ ਦੇ ਸਕੱਤਰ ਦੀ ਵੈੱਬਸਾਈਟ www.sos.ca.gov/elections/voting-resources/county-elections- offices./ 'ਤੇ ਆਪਣੇ ਕਾਉਂਟੀ ਦੇ ਚੋਣ ਅਧਿਕਾਰੀ ਦਾ ਪਤਾ ਅਤੇ ਟੈਲੀਫੋਨ ਨੰਬਰ ਦੇਖ ਸਕਦੇ ਹੋ।